# Virtual Summit between India's Prime Minister Narendra Modi and Denmark's Prime Minister Mette Frederiksen

September 27, 2020

---

## ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਡੈਨਮਾਰਕ ਦੇ ਪ੍ਰਧਾਨ ਮੰਤਰੀ ਮੈੱਟ ਫ੍ਰੇਡਰਿਕਸਨ ਵਿਚਾਲੇ ਹੋਇਆ ਵਰਚੁਅਲ ਸ਼ਿਖਰ ਸੰਮੇਲਨ

27 ਸਤੰਬਰ, 2020

1. 28 ਸਤੰਬਰ, 2020 ਨੂੰ ਭਾਰਤ ਦੀ ਮੇਜ਼ਬਾਨੀ ਵਿੱਚ ਪ੍ਰਧਾਨ ਮੰਤਰੀ ਅਤੇ ਪ੍ਰਧਾਨ ਮੰਤਰੀ ਮੈੱਟ ਫ੍ਰੇਡਰਿਕਸਨ ਵਿਚਾਲੇ ਵਰਚੁਅਲ ਦੁਵੱਲਾ ਸ਼ਿਖਰ ਸੰਮੇਲਨ ਕਰਾਇਆ ਜਾ ਰਿਹਾ ਹੈ।

2. ਭਾਰਤ ਅਤੇ ਡੈਨਮਾਰਕ ਦੇ ਦੁਵੱਲੇ ਸੰਬੰਧਾਂ ਦੀ ਖ਼ਾਸੀਅਤ ਹੈ ਬਾਕਾਇਦਾ ਹੋਣ ਵਾਲੇ ਉੱਚ ਪੱਧਰੀ ਵਟਾਂਦਰੇ, ਇਤਿਹਾਸਕ ਸੰਪਰਕ, ਸਾਂਝੀਆਂ ਲੋਕਤੰਤਰੀ ਪਰੰਪਰਾਵਾਂ ਅਤੇ ਖੇਤਰੀ ਅਤੇ ਕੌਮਾਂਤਰੀ ਸ਼ਾਂਤੀ ਅਤੇ ਸਥਿਰਤਾ ਲਈ ਸਾਂਝੀ ਇੱਛਾ 'ਤੇ ਅਧਾਰਤ ਹੋਣਾ।

3. ਭਾਰਤ ਅਤੇ ਡੈਨਮਾਰਕ ਦਰਮਿਆਨ ਵਸਤਾਂ ਅਤੇ ਸੇਵਾਵਾਂ ਦਾ ਦੋਤਰਫਾ ਵਪਾਰ ਸਾਲ 2016 ਦੇ 2.82 ਅਰਬ ਡਾਲਰ ਦੇ ਅੰਕੜੇ ਤੋਂ ਵੱਧ ਕੇ 2019 ਅੰਦਰ 3.68 ਅਰਬ ਡਾਲਰ ਹੋ ਗਿਆ ਹੈ, ਜੋ 30.9% ਦਾ ਵਾਧਾ ਦਰਸਾਉਂਦਾ ਹੈ। ਲਗਭਗ 200 ਡੈਨਿਸ਼ ਕੰਪਨੀਆਂ ਨੇ ਜਹਾਜ਼ਰਾਣੀ, ਨਵਿਆਉਣਯੋਗ ਊਰਜਾ, ਵਾਤਾਵਰਣ, ਖੇਤੀਬਾੜੀ, ਫੂਡ ਪ੍ਰੋਸੈਸਿੰਗ, ਸਮਾਰਟ ਸ਼ਹਿਰੀ ਵਿਕਾਸ ਵਿੱਚ ਨਿਵੇਸ਼ ਕੀਤਾ ਹੈ। ਕਈ ਪ੍ਰਮੁੱਖ ਡੈਨਿਸ਼ ਕੰਪਨੀਆਂ ਨੇ 'ਮੇਕ ਇਨ ਇੰਡੀਆ' ਯੋਜਨਾ ਦੇ ਤਹਿਤ ਨਵੀਆਂ ਨਿਰਮਾਣ ਫੈਕਟਰੀਆਂ ਬਣਾਈਆਂ ਹਨ। ਡੈਨਮਾਰਕ ਅੰਦਰ IT, ਨਵਿਆਉਣਯੋਗ ਊਰਜਾ ਅਤੇ ਇੰਜੀਨੀਅਰਿੰਗ ਵਿੱਚ ਤਕਰੀਬਨ 25 ਭਾਰਤੀ ਕੰਪਨੀਆਂ ਮੌਜੂਦ ਹਨ।

4. ਇਸ ਮੌਕੇ ਭਾਰਤ ਅਤੇ ਡੈਨਮਾਰਕ ਦਰਮਿਆਨ ਬੌਧਿਕ ਜਾਇਦਾਦ ਵਿੱਚ ਭਾਈਵਾਲੀ ਦੇ ਖੇਤਰ 'ਚ ਇਕ ਸਮਝੌਤੇ' ਤੇ ਦਸਤਖਤ ਕੀਤੇ ਜਾ ਰਹੇ ਹਨ। ਇਸ ਸੰਮੇਲਨ ਦਾ ਇਕ ਹੋਰ ਵੱਡਾ ਸਿੱਟਾ ਹੋਵੇਗਾ ਡੈਨਮਾਰਕ ਦਾ ਅੰਤਰਰਾਸ਼ਟਰੀ ਸੋਲਰ ਅਲਾਇੰਸ (ISA) ਵਿਚ ਸ਼ਾਮਲ ਹੋਣਾ।

ਇਸ ਵਰਚੁਅਲ ਦੁਵੱਲੇ ਸ਼ਿਖਰ ਸੰਮੇਲਨ ਸਦਕਾ ਦੋਨਾਂ ਨੇਤਾਵਾਂ ਨੂੰ ਦੋਵਾਂ ਦੇਸ਼ਾਂ ਵਿਚਾਲੇ ਪੁਰਾਣੇ ਦੋਸਤਾਨਾ ਸਬੰਧਾਂ ਦੇ ਪ੍ਰਸੰਗ ਵਿਚ ਦੁਵੱਲੇ ਸਬੰਧਾਂ ਦੇ ਵਿਆਪਕ ਢਾਂਚੇ ਦੀ ਵਿਆਪਕ ਸਮੀਖਿਆ ਕਰਨ ਅਤੇ ਆਪਸੀ ਹਿਤਾਂ ਦੇ ਪ੍ਰਮੁੱਖ ਮੁੱਦਿਆਂ ਬਾਰੇ ਮਜ਼ਬੂਤ ਅਤੇ ਡੂੰਘੀ ਭਾਈਵਾਲੀ ਬਣਾਉਣ ਲਈ ਵਿਆਪਕ ਰਾਜਨੀਤਿਕ ਦਿਸ਼ਾ ਪ੍ਰਦਾਨ ਕਰਨ ਦਾ ਮੌਕਾ ਮਿਲੇਗਾ।

ਨਵੀਂ ਦਿਲੀ
27 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.